ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਦੰਦਾਂ ਦੀ ਸਫ਼ਾਈ FREE ਮੁਫ਼ਤ
905-458-3344
With CDCP

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

12 Beds, 7 Baths
For 24 Guests
905-965-4644

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

Personal Loan
Business Loan
Home Line of Credit
905-965-4644

ਅਜੀਤ

AJIT WEEKLY

Division of 6178235 canada inc.

Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਪਾਕਿ ਸਥਿਤ ਆਪਣੇ ਪੁਰਖਿਆਂ ਦੇ ਘਰ ਪੁੱਜਾ World Bank ਦਾ ਪ੍ਰਧਾਨ

ਲਾਹੌਰ: ਵਿਸ਼ਵ ਬੈਂਕ ਦੇ ਭਾਰਤੀ ਮੂਲ ਦੇ ਅਮਰੀਕੀ ਪ੍ਰਧਾਨ ਅਜੇ ਬੰਗਾ ਪਾਕਿਸਤਾਨ ਦੇ ਪੰਜਾਬ ਸੂਬੇ 'ਚ ਸਥਿਤ ਆਪਣੇ ਪੁਰਖਿਆਂ ਦੇ ਘਰ ਪਹੁੰਚੇ। 66 ਸਾਲਾ ਬੰਗਾ ਨੇ ਆਪਣੀ ਚਾਰ ਦਿਨਾਂ ਉੱਚ ਪੱਧਰੀ ਪਾਕਿਸਤਾਨ ਯਾਤਰਾ ਦੌਰਾਨ ਆਪਣੇ ਪੁਰਾਣੇ ਪਰਿਵਾਰਕ ਪਿਛੋਕੜ ਨਾਲ ਜੁੜੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਪੁਰਖਿਆਂ ਦੇ ਨਿਵਾਸ ਅਤੇ ਮਾਲ ਰਿਕਾਰਡ ਦਾ ਨਿਰੀਖਣ: ਅਜੇ ਬੰਗਾ ਇਸਲਾਮਾਬਾਦ ਤੋਂ ਲਗਭਗ 250 ਕਿਲੋਮੀਟਰ ਦੂਰ ਖ਼ੁਸ਼ਾਬ ਇਲਾਕੇ 'ਚ ਗਏ ਜੋ ਕਿ ਉਨ੍ਹਾਂ ਦੇ ਪੁਰਖਿਆਂ ਦਾ ਨਿਵਾਸ ਸਥਾਨ ਹੈ। ਇਸ ਦੌਰੇ ਦੌਰਾਨ ਉਨ੍ਹਾਂ ਨੇ ਆਪਣੇ ਪੁਰਖਿਆਂ ਦੇ ਨਿਵਾਸ ਨਾਲ ਸਬੰਧਤ ਮਾਲ ਰਿਕਾਰਡ (**Revenue Records**) ਨੂੰ ਵੀ ਦੇਖਿਆ। ਉਨ੍ਹਾਂ ਨੇ ਖ਼ੁਸ਼ਾਬ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਮੱਥਾ ਟੇਕਿਆ ਅਤੇ ਉੱਥੇ ਕੀਤੇ ਗਏ ਵਿਕਾਸ ਕਾਰਜਾਂ ਤੇ ਪ੍ਰਬੰਧਕੀ ਸੁਧਾਰਾਂ ਦੀ ਸ਼ਲਾਘਾ ਕੀਤੀ।

ਧਾਰਮਿਕ ਅਸਥਾਨਾਂ ਦੀ ਯਾਤਰਾ: ਅਜੇ ਬੰਗਾ ਨੇ ਹਸਨ ਅਬਦਾਲ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਵੀ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੇ ਨਾਲ ਪਾਕਿਸਤਾਨ ਦੇ ਸੰਘੀ ਮੰਤਰੀ ਮੁਹੰਮਦ ਔਰੰਗਜ਼ੇਬ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਵੀ ਮੌਜੂਦ ਸਨ। ਸਰਦਾਰ ਅਰੋੜਾ ਨੇ ਕਿਹਾ ਕਿ ਭਾਰਤ ਸਮੇਤ ਦੁਨੀਆਂ ਭਰ ਦੇ ਸਿੱਖਾਂ ਦਾ ਪਾਕਿਸਤਾਨ ਨਾਲ ਪਿਆਰ ਦਾ ਰਿਸ਼ਤਾ ਹੈ ਕਿਉਂਕਿ ਇੱਥੇ ਉਨ੍ਹਾਂ ਦੇ ਪਵਿੱਤਰ ਧਾਰਮਿਕ ਅਸਥਾਨ ਸਥਿਤ ਹਨ।

ਵਿਰਾਸਤ ਦੀ ਸਾਂਭ-ਸੰਭਾਲ: ਇਵੈਕੂਈ ਟਰੱਸਟ ਪ੍ਰੌਪਰਟੀ ਬੋਰਡ (**ETPB**) ਦੇ ਅਧਿਕਾਰੀਆਂ ਨੇ ਬੰਗਾ ਨੂੰ ਦੇਸ਼ ਭਰ 'ਚ ਸਿੱਖ ਧਾਰਮਿਕ ਵਿਰਾਸਤ ਦੀ ਸਾਂਭ-ਸੰਭਾਲ, ਜੀਰਨੋਧਾਰ ਅਤੇ ਸ਼ਰਧਾਲੂਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਬੋਰਡ ਦੇ ਪ੍ਰਧਾਨ ਕਮਰ ਜ਼ਮਾਨ ਨੇ ਭਰੋਸਾ ਦਿੱਤਾ ਕਿ ਉਹ ਧਾਰਮਿਕ ਵਿਰਾਸਤ ਦੀ ਰੱਖਿਆ ਲਈ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਕਦਮ ਚੁੱਕ ਰਹੇ ਹਨ।

ਅਜੇ ਬੰਗਾ ਦਾ ਜੀਵਨ ਸਫ਼ਰ: ਬੰਗਾ ਦਾ ਜਨਮ ਨਵੰਬਰ 1959 'ਚ ਮਹਾਰਾਸ਼ਟਰ ਦੇ ਖੜਕੀ 'ਚ ਹੋਇਆ ਸੀ। ਉਨ੍ਹਾਂ ਨੇ ਦਿੱਲੀ ਦੇ ਸੇਂਟ ਸਟੀਫ਼ਨ ਕਾਲਜ ਤੋਂ ਗ੍ਰੈਜੂਏਸ਼ਨ ਅਤੇ IIM ਅਹਿਮਦਾਬਾਦ ਤੋਂ ਪੋਸਟ ਗ੍ਰੈਜੂਏਸ਼ਨ। ਉਹ 2007 'ਚ ਅਮਰੀਕੀ ਨਾਗਰਿਕ ਬਣ ਗਏ ਸਨ।

ਲੀਗਲ ਸੇਵਾਵਾਂ
905-913-2355

Personal Loan
Business Loan
Home Line of Credit
905-965-4644

Russia-US ਵਿਚਾਲੇ ਆਖਰੀ Nuclear ਸਮਝੌਤਾ ਖ਼ਤਮ

ਮੌਸਕੋ: ਦੁਨੀਆਂ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਅਮਰੀਕਾ ਤੇ ਰੂਸ ਵਿਚਕਾਰ ਪ੍ਰਮਾਣੂ ਹਥਿਆਰਾਂ ਨੂੰ ਕੰਟਰੋਲ ਕਰਨ ਵਾਲੀ ਆਖਰੀ ਬਾਕੀ ਬਚੀ ਸੰਧੀ ਨਿਊ ਸਟਾਰਟ (**New Start**) ਇਸ ਹਫ਼ਤੇ ਵੀਰਵਾਰ ਨੂੰ ਖ਼ਤਮ ਹੋ ਗਿਆ ਹੈ। ਪਿਛਲੀ ਅੱਧੀ ਸਦੀ 'ਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਦੁਨੀਆਂ ਦੇ ਦੋ ਸਭ ਤੋਂ ਵੱਡੇ ਪ੍ਰਮਾਣੂ ਭੰਡਾਰਾਂ 'ਤੇ ਕਿਸੇ ਵੀ ਤਰ੍ਹਾਂ ਦੀ ਕੋਈ ਕਾਨੂੰਨੀ ਪਾਬੰਦੀ ਨਹੀਂ ਹੋਵੇਗੀ। ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਇੱਕ ਬੇਲਗਾਮ ਪ੍ਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਹੋ ਸਕਦੀ ਹੈ।

ਹਥਿਆਰਾਂ ਦੀ ਗਿਣਤੀ 'ਤੇ ਰੋਕ ਖ਼ਤਮ, ਤਿੰਨ-ਪੱਖੀ ਜੰਗ ਦਾ ਡਰ: ਸੰਧੀ ਖ਼ਤਮ ਹੋਣ ਨਾਲ ਦੋਵੇਂ ਪਾਸੇ 35 ਸਾਲਾਂ 'ਚ ਪਹਿਲੀ ਵਾਰ ਪ੍ਰਮਾਣੂ ਹਥਿਆਰਾਂ ਦੀ ਤਾਇਨਾਤੀ ਵਧਾ ਸਕਦੇ ਹਨ। ਹੁਣ ਇਹ ਮੁਕਾਬਲਾ ਸਿਰਫ਼ ਅਮਰੀਕਾ ਅਤੇ ਰੂਸ ਵਿਚਕਾਰ ਨਹੀਂ ਸਗੋਂ ਚੀਨ ਨੂੰ ਵੀ ਸ਼ਾਮਿਲ ਕਰ ਸਕਦਾ ਹੈ ਜੋ ਤੇਜ਼ੀ ਨਾਲ ਆਪਣੇ ਪ੍ਰਮਾਣੂ ਭੰਡਾਰ ਵਧਾ ਰਿਹਾ ਹੈ। ਹਥਿਆਰਾਂ 'ਤੇ ਪਾਬੰਦੀ ਨਾ ਹੋਣ ਕਾਰਨ ਦੋਵੇਂ ਦੇਸ਼ ਬੁਰੇ ਹਾਲਾਤ ਦੀ ਤਿਆਰੀ ਵਜੋਂ ਆਪਣੀ ਤਾਕਤ ਵਧਾਉਣਗੇ ਜਿਸ ਨਾਲ ਗਲੋਬਲ ਅਸਥਿਰਤਾ ਵਧੇਗੀ।

ਪੁਤਿਨ ਤੇ ਟਰੰਪ ਦਾ ਰੁਖ਼: ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਸੰਧੀ ਨੂੰ ਇੱਕ ਸਾਲ ਲਈ ਵਧਾਉਣ ਦੀ ਇੱਛਾ ਜ਼ਾਹਿਰ ਕੀਤੀ ਸੀ ਬਸ਼ਰਤੇ ਅਮਰੀਕਾ ਵੀ ਸਹਿਮਤ ਹੋਵੇ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਜੇ ਤਕ ਇਸ 'ਤੇ ਕੋਈ ਪੱਕਾ ਫ਼ੈਸਲਾ ਨਹੀਂ ਲਿਆ। ਵ੍ਹਾਈਟ ਹਾਊਸ ਦੇ ਅਧਿਕਾਰੀਆਂ ਅਨੁਸਾਰ ਟਰੰਪ ਚਾਹੁੰਦੇ ਹਨ ਕਿ ਕਿਸੇ ਵੀ ਨਵੇਂ ਸਮਝੌਤੇ 'ਚ ਚੀਨ ਨੂੰ ਵੀ ਸ਼ਾਮਿਲ ਕੀਤਾ ਜਾਵੇ, ਪਰ ਚੀਨ ਨੇ ਅਜਿਹੀਆਂ ਪਾਬੰਦੀਆਂ ਤੋਂ ਇਨਕਾਰ ਕਰ ਦਿੱਤਾ ਹੈ।

ਕੀ ਸੀ ਨਿਊ ਸਟਾਰਟ ਸੰਧੀ ? ਸਾਲ 2010 'ਚ ਬਰਾਕ ਓਬਾਮਾ ਅਤੇ ਦਮਿਤਰੀ ਮੇਦਵੇਦੇਵ ਦੁਆਰਾ ਹਸਤਾਖਰਿਤ ਇਸ ਸੰਧੀ ਨੇ ਦੋਵਾਂ ਦੇਸ਼ਾਂ ਲਈ ਕੁੱਝ ਸੀਮਾਵਾਂ ਤੈਅ ਕੀਤੀਆਂ ਸਨ। ਜਿਵੇਂ ਕਿ 1,550 ਤੋਂ ਵੱਧ ਪ੍ਰਮਾਣੂ ਵਾਰਹੈੱਡ ਤਾਇਨਾਤ ਨਹੀਂ ਕੀਤੇ ਜਾ ਸਕਦੇ ਸਨ। 700 ਤੋਂ ਵੱਧ ਮਿਜ਼ਾਈਲਾਂ ਅਤੇ ਬੰਬਾਰ ਜਹਾਜ਼ਾਂ ਦੀ ਵਰਤੋਂ 'ਤੇ ਰੋਕ ਸੀ।

ਨਵੇਂ ਖ਼ਤਰਿਆਂ 'ਚ ਗੋਲਡਨ ਡੋਮ ਅਤੇ ਪ੍ਰਮਾਣੂ ਪ੍ਰੀਖਣ ਸ਼ਾਮਿਲ: ਰੂਸ ਨੇ ਅਮਰੀਕਾ ਦੇ ਪ੍ਰਸਤਾਵਿਤ ਗੋਲਡਨ ਡੋਮ ਮਿਜ਼ਾਈਲ ਰੱਖਿਆ ਪ੍ਰਣਾਲੀ 'ਤੇ ਚਿੰਤਾ ਜਤਾਈ ਹੈ। ਮੇਦਵੇਦੇਵ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਅਜਿਹੀ ਰੱਖਿਆ ਪ੍ਰਣਾਲੀ ਬਣਾਉਂਦਾ ਹੈ ਤਾਂ ਰੂਸ ਇਸ ਨੂੰ ਬੇਅਸਰ ਕਰਨ ਲਈ ਆਪਣੇ ਹਮਲਾਵਰ ਹਥਿਆਰਾਂ ਦੀ ਗਿਣਤੀ ਵਧਾਏਗਾ। ਇਸ ਤੋਂ ਇਲਾਵਾ 1992 ਤੋਂ ਬਾਅਦ ਪਹਿਲੀ ਵਾਰ ਅਮਰੀਕਾ ਵਲੋਂ ਪ੍ਰਮਾਣੂ ਪ੍ਰੀਖਣ ਮੁੜ ਸ਼ੁਰੂ ਕਰਨ ਦੇ ਸੰਕੇਤਾਂ ਨੇ ਵੀ ਮਾਹੌਲ ਗਰਮਾ ਦਿੱਤਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅਸੀਂ ਇੱਕ ਅਜਿਹੇ ਖ਼ਤਰਨਾਕ ਦੌਰ 'ਚ ਪ੍ਰਵੇਸ਼ ਕਰ ਰਹੇ ਹਾਂ ਜਿਸ ਦੀ ਮਿਸਾਲ ਸਾਡੇ ਜੀਵਨ ਕਾਲ 'ਚ ਪਹਿਲਾਂ ਕਦੇ ਨਹੀਂ ਦੇਖੀ ਗਈ।

Home Care Workers
ਅਤੇ Nanies ਲਈ PR
416-848-3930

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਸਸਤੀਆਂ ਹਵਾਈ ਟਿਕਟਾਂ
905-595-1700

ਇੰਡੀਆ ਵਿੱਚ ਜਾਇਦਾਦ ਵੇਚੋ
ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਦੰਦਾਂ ਦੀ ਸਫ਼ਾਈ FREE ਮੁਫ਼ਤ
905-458-3344
With CDCP

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਵਕੀਲ ਦੀ ਲੋੜ ?
905-362-0755

ਦੰਦ ਲਗਵਾਓ FREE ਮੁਫ਼ਤ
905-458-3344
With CDCP

ਇੰਡੀਅਨ ਵੀਜ਼ਾ
OCI & Passport
Renewal
514-389-7070

ਵਕੀਲ ਦੀ ਲੋੜ ?
905-362-0755

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਮਰਦਾਨਾ ਕਮਜ਼ੋਰੀ
416-992-5489

Electrtic Brush or Teeth Whitening
FREE ਮੁਫ਼ਤ
905-458-3344
With Teeth Cleaning & New Patient Exam

12 Beds, 7 Baths
For 24 Guests
905-965-4644

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਇੰਡੀਆ ਵਿੱਚ ਜਾਇਦਾਦ ਵੇਚੋ
ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਨਾਬਾਲਗ ਲੜਕੀਆਂ ਦਾ ਰੋਜ਼ਾਨਾ ਰੇਪ ਕਰਦਾ ਸੀ Epstein

ਵਾਸ਼ਿੰਗਟਨ: ਅਮਰੀਕੀ ਜਸਟਿਸ ਡਿਪਾਰਟਮੈਂਟ ਨੇ ਜੈਫ਼ਰੀ ਐਪਸਟੀਨ ਸੈੱਕਸ ਸਕੈਂਡਲ ਨਾਲ ਜੁੜੀਆਂ ਨਵੀਆਂ ਫ਼ਾਈਲਾਂ ਜਾਰੀ ਕੀਤੀਆਂ ਹਨ। ਇਨ੍ਹਾਂ ਦਸਤਾਵੇਜ਼ਾਂ 'ਚ ਦੱਸਿਆ ਗਿਆ ਹੈ ਕਿ ਐਪਸਟੀਨ ਨਾਬਾਲਗ ਲੜਕੀਆਂ ਦਾ ਰੋਜ਼ਾਨਾ ਕਈ ਵਾਰ ਜਿਨਸੀ ਸ਼ੋਸ਼ਣ ਕਰਦਾ ਸੀ।

ਡੇਲੀ ਮੇਲ ਮੁਤਾਬਿਕ ਇਹ ਖ਼ੁਲਾਸਾ 2010 'ਚ ਫ਼ਲੋਰੀਡਾ 'ਚ ਇੱਕ ਪੀੜਤਾ ਵਲੋਂ ਦਾਖਲ ਸਿਵਲ ਸ਼ਿਕਾਇਤ 'ਚ ਹੋਇਆ ਹੈ ਜਿਸ ਦਾ ਜ਼ਿਕਰ ਇਨ੍ਹਾਂ ਫ਼ਾਈਲਾਂ 'ਚ ਹੈ। ਇਸ ਤੋਂ ਇਲਾਵਾ ਕੁਝ ਤਸਵੀਰਾਂ 'ਚ ਬ੍ਰਿਟਿਸ਼ ਪ੍ਰਿੰਸ ਐਂਡਰਿਊ ਨੂੰ ਜ਼ਮੀਨ 'ਤੇ ਲੇਟੀ ਇੱਕ ਲੜਕੀ ਦੇ ਉੱਪਰ ਹੱਥ ਰੱਖਦਾ ਦਿਖਾਇਆ ਗਿਆ ਹੈ। ਇਨ੍ਹਾਂ ਫ਼ਾਈਲਾਂ 'ਚ ਪਹਿਲੀ ਵਾਰ ਭਾਰਤੀ ਫ਼ਿਲਮ ਡਾਇਰੈਕਟਰ ਮੀਰਾ ਨਾਇਰ ਅਤੇ ਟੈੱਸਲਾ ਦੇ CEO ਈਲੌਨ ਮਸਕ ਦਾ ਨਾਂ ਵੀ ਆਇਆ ਹੈ। ਮੀਰਾ ਨਾਇਰ ਨਿਊ ਯੌਰਕ ਸਿਟੀ ਦੇ ਮੇਅਰ ਜੋਹਰਾਨ ਮਮਦਾਨੀ ਦੀ ਮਾਂ ਹੈ।

ਟਰੰਪ ਪ੍ਰਸ਼ਾਸਨ ਪਿਛਲੇ ਕੁਝ ਸਮੇਂ ਤੋਂ ਅਦਾਲਤ ਦੇ ਹੁਕਮਾਂ ਤੋਂ ਬਾਅਦ ਜਿਨਸੀ ਅਪਰਾਧੀ ਜੈਫ਼ਰੀ ਐਪਸਟੀਨ ਨਾਲ ਜੁੜੇ ਦਹਾਕਿਆਂ ਪੁਰਾਣੇ ਸਰਕਾਰੀ ਰਿਕਾਰਡ ਜਨਤਕ ਕਰ ਰਿਹਾ ਹੈ। ਹੁਣ ਜਾਰੀ ਹੋਈਆਂ ਨਵੀਆਂ ਫ਼ਾਈਲਾਂ 'ਚ 30 ਲੱਖ ਸਫ਼ੇ, ਇੱਕ ਲੱਖ 80 ਹਜ਼ਾਰ ਤਸਵੀਰਾਂ ਅਤੇ ਦੋ ਹਜ਼ਾਰ ਤੋਂ ਵੱਧ ਵੀਡੀਓਜ਼ ਸ਼ਾਮਿਲ ਹਨ। ਅਮਰੀਕੀ ਹਾਊਸ ਓਵਰਸਾਈਟ ਕਮੇਟੀ ਵਲੋਂ ਜਾਰੀ ਕੀਤੀ ਗਈ ਇੱਕ ਬਿਨਾਂ ਤਰੀਕ ਵਾਲੀ ਤਸਵੀਰ 'ਚ ਜੈਫ਼ਰੀ ਐਪਸਟੀਨ ਕੁਝ ਮੁਟਿਆਰਾਂ ਨਾਲ ਨਜ਼ਰ ਆ ਰਿਹਾ ਹੈ। ਇਹ ਤਸਵੀਰ ਦਸੰਬਰ 'ਚ ਜਾਰੀ ਹੋਈ ਸੀ।

ਲੜਕੀਆਂ ਨੂੰ ਆਪਸ 'ਚ ਸ਼ਰੀਰਕ ਸਬੰਧ ਬਣਾਉਣ ਲਈ ਕੀਤਾ ਜਾਂਦਾ ਸੀ ਮਜਬੂਰ: ਦਸਤਾਵੇਜ਼ਾਂ ਮੁਤਾਬਿਕ ਜਦੋਂ ਕੋਈ ਲੜਕੀ ਐਪਸਟੀਨ ਦੇ ਪਾਮ ਬੀਚ ਸਥਿਤ ਘਰ ਪਹੁੰਚਦੀ ਸੀ ਤਾਂ ਉਸ ਨੂੰ ਐਪਸਟੀਨ ਦੀ ਨਿੱਜੀ ਗੱਡੀ 'ਚ ਲਿਆਂਦਾ ਜਾਂਦਾ ਸੀ। ਘਰ ਪਹੁੰਚਣ 'ਤੇ ਇੱਕ ਸਹਾਇਕ ਲੜਕੀ ਦੀ ਨਿੱਜੀ ਜਾਣਕਾਰੀ ਨੋਟ ਕਰਦਾ ਸੀ। ਉਸ ਤੋਂ ਬਾਅਦ ਉਸ ਨੂੰ ਪੌੜੀਆਂ ਰਾਹੀਂ ਉੱਪਰ ਇੱਕ ਅਜਿਹੇ ਕਮਰੇ 'ਚ ਲਿਜਾਇਆ ਜਾਂਦਾ ਸੀ ਜਿੱਥੇ ਸ਼ੌਵਰ ਅਤੇ ਮਸਾਜ ਟੇਬਲ ਹੁੰਦੇ ਸਨ। ਜੇਕਰ ਲੜਕੀ ਪਹਿਲੀ ਵਾਰ ਆਈ ਹੁੰਦੀ ਸੀ ਤਾਂ ਕਮਰੇ 'ਚ ਪਹਿਲਾਂ ਤੋਂ ਇੱਕ ਹੋਰ ਲੜਕੀ ਮੌਜੂਦ ਹੁੰਦੀ ਸੀ ਜੋ ਉਸ ਨੂੰ ਦੱਸਦੀ ਸੀ ਕਿ ਕੀ ਕਰਨਾ ਹੈ। ਉਸ ਤੋਂ ਬਾਅਦ ਐਪਸਟੀਨ ਉਸ ਦੂਜੀ ਲੜਕੀ ਨੂੰ ਬਾਹਰ ਭੇਜ ਦਿੰਦਾ ਸੀ।

ਐਪਸਟੀਨ ਲੜਕੀਆਂ ਨੂੰ ਸਾਫ਼-ਸਾਫ਼ ਦੱਸਦਾ ਸੀ ਕਿ ਉਨ੍ਹਾਂ ਨੂੰ ਕੀ ਚਾਹੀਦਾ ਹੈ ਅਤੇ ਕਿਵੇਂ ਕਰਨਾ ਚਾਹੀਦਾ ਹੈ।



ਕਈ ਵਾਰ ਉਹ ਲੜਕੀਆਂ ਨੂੰ ਇੱਕ-ਦੂਜੇ ਨਾਲ ਸ਼ਰੀਰਕ ਸਬੰਧ ਬਣਾਉਣ ਲਈ ਮਜਬੂਰ ਕਰਦਾ ਸੀ। ਸ਼ਿਕਾਇਤ ਦਰਜ ਕਰਵਾਉਣ ਵਾਲੀ ਲੜਕੀ ਨੇ ਦੱਸਿਆ ਕਿ ਉਸ ਦੀ ਪਛਾਣ ਐਪਸਟੀਨ ਨਾਲ 15 ਸਾਲ ਦੀ ਉਮਰ 'ਚ ਕਰਵਾਈ ਗਈ ਸੀ। ਹਰ ਵਾਰ ਸ਼ੋਸ਼ਣ ਤੋਂ ਬਾਅਦ ਐਪਸਟੀਨ ਉਸ ਨੂੰ 200 ਡਾਲਰ ਦਿੰਦਾ ਸੀ, ਅਤੇ ਕਿਸੇ ਸਹਾਇਕ ਰਾਹੀਂ ਆਪਣੇ ਘਰੋਂ ਬਾਹਰ ਭੇਜ ਦਿੰਦਾ ਸੀ।

ਐਪਸਟੀਨ ਨਾਲ ਸਬੰਧਾਂ 'ਤੇ ਪਛਤਾਵਾ ਜਤਾ ਚੁੱਕੈ ਬਿਲ ਗੇਟਸ: ਬਿਲ ਗੇਟਸ ਪਹਿਲਾਂ ਕਹਿ ਚੁੱਕਾ ਹੈ ਕਿ ਉਸ ਨੂੰ ਐਪਸਟੀਨ ਨਾਲ ਆਪਣੇ ਸਬੰਧਾਂ 'ਤੇ ਪਛਤਾਵਾ ਹੈ। ਹਾਲਾਂਕਿ ਉਸ ਨੇ ਕਿਸੇ ਵੀ ਤਰ੍ਹਾਂ ਦੀਆਂ ਗ਼ਲਤ ਸਰਗਰਮੀਆਂ ਤੋਂ ਇਨਕਾਰ ਕੀਤਾ ਹੈ।

2019 'ਚ ਉਸ ਨੇ ਕਿਹਾ ਸੀ ਕਿ ਉਸ ਦਾ ਐਪਸਟੀਨ ਨਾਲ ਕੋਈ ਕਾਰੋਬਾਰੀ ਜਾਂ ਨਿੱਜੀ ਸਬੰਧ ਨਹੀਂ ਸੀ, ਪਰ ਨਿਊ ਯੌਰਕ ਟਾਈਮਜ਼ ਅਤੇ ਵਾਲ ਸਟਰੀਟ ਜਰਨਲ ਦੀਆਂ ਰਿਪੋਰਟਾਂ 'ਚ ਦਾਅਵਾ ਕੀਤਾ ਗਿਆ ਕਿ ਗੇਟਸ ਨੇ 2011 ਤੋਂ 2013 ਵਿਚਾਲੇ ਐਪਸਟੀਨ ਨਾਲ ਕਈ ਵਾਰ ਮੁਲਾਕਾਤ ਕੀਤੀ। ਬਿਲ ਅਤੇ ਮਲਿੰਡਾ ਗੇਟਸ ਦਾ 2021 'ਚ ਤਲਾਕ ਹੋ ਗਿਆ ਸੀ। ਮਲਿੰਡਾ ਨੇ ਬਾਅਦ 'ਚ ਕਿਹਾ ਸੀ ਕਿ ਗੇਟਸ ਦੇ ਅਫ਼ੇਅਰਜ਼ ਅਤੇ ਐਪਸਟੀਨ ਨਾਲ ਸਬੰਧ ਉਨ੍ਹਾਂ ਦੇ ਤਲਾਕ ਦੀ ਵੱਡੀ ਵਜ੍ਹਾ ਬਣੇ।

ਇਸ ਦੀ ਸ਼ੁਰੂਆਤ 2005 'ਚ ਉਸ ਵੇਲੇ ਹੋਈ ਜਦੋਂ ਫ਼ਲੋਰੀਡਾ 'ਚ ਇੱਕ 14 ਸਾਲਾ ਲੜਕੀ ਦੀ ਮਾਂ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤ 'ਚ ਕਿਹਾ ਗਿਆ ਕਿ ਐਪਸਟੀਨ ਦੇ ਆਲੀਸ਼ਾਨ ਘਰ 'ਚ ਉਸ ਦੀ ਬੇਟੀ ਨੂੰ ਮਸਾਜ ਦੇ ਬਹਾਨੇ ਬੁਲਾਇਆ ਗਿਆ ਸੀ, ਪਰ ਉੱਥੇ ਪਹੁੰਚਣ ਤੋਂ ਬਾਅਦ ਉਸ 'ਤੇ ਸ਼ਰੀਰਕ ਸਬੰਧ ਬਣਾਉਣ ਲਈ ਦਬਾਅ ਪਾਇਆ ਗਿਆ। ਜਦੋਂ ਉਸ ਨੇ ਘਰ ਵਾਪਿਸ ਆ ਕੇ ਇਹ ਗੱਲ ਆਪਣੇ ਮਾਪਿਆਂ ਨੂੰ ਦੱਸੀ ਤਾਂ ਉਨ੍ਹਾਂ ਤੁਰੰਤ ਪੁਲੀਸ ਕੋਲ ਸ਼ਿਕਾਇਤ ਕੀਤੀ। ਉਸ ਵੇਲੇ ਪਹਿਲੀ ਵਾਰ ਜੈਫ਼ਰੀ ਐਪਸਟੀਨ ਖ਼ਿਲਾਫ਼ ਇੱਕ ਅਧਿਕਾਰਿਕ ਸ਼ਿਕਾਇਤ ਦਰਜ ਹੋਈ। ਪੁਲੀਸ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਇਹ ਕੋਈ ਇਕੱਲਾ ਮਾਮਲਾ ਨਹੀਂ ਸੀ।

ਹੌਲੀ-ਹੌਲੀ ਲਗਭਗ 50 ਨਾਬਾਲਗ ਲੜਕੀਆਂ ਦੀ ਪਛਾਣ ਹੋਈ ਜਿਨ੍ਹਾਂ ਨੇ ਐਪਸਟੀਨ 'ਤੇ ਅਜਿਹੇ ਹੀ ਇਲਜ਼ਾਮ ਲਾਏ। ਪਾਮ ਬੀਚ ਪੁਲੀਸ ਵਿਭਾਗ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲ